ਕੁੱਲ ਪ੍ਰਸ਼ਨ–13 **XII, ਰਾਜਨੀਤੀ ਸ਼ਾਸਤਰ** **ਵਿਸ਼ਾ ਕੋਡ: 031**

## ਮਾਡਲ ਟੈਸਟ ਪੇਪਰ

## ਟਰਮ–2

ਸਮਾਂ 2 ਘੰਟੇ ਕੁੱਲ ਅੰਕ : 40

ਨੋਟ:– ਇਸ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ। ਹਰ ਭਾਗ ਦੀਆਂ ਹਦਾਇਤਾਂ ਨਾਲ ਦਿੱਤੀਆਂ ਹਨ।

### ਭਾਗ –I 2 X 4=8

ਨੋਟ:– ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰ ਪ੍ਰਸ਼ਨ ਦਾ ਉੱਤਰ ਦੋ–ਤਿੰਨ ਵਾਕਾਂ ਤੱਕ ਦਿਓ:–

1. ਇੱਕ ਦਲੀ ਪ੍ਰਣਾਲੀ ਆਮ ਤੌਰ ’ਤੇ ਕਿਹੜੇ ਦੇਸ਼ਾਂ ਵਿੱਚ ਲਾਗੂ ਹੈ ? ਇਸ ਪ੍ਰਣਾਲੀ ਵਾਲੇ ਦੋ ਦੇਸ਼ਾਂ ਦੇ ਨਾਂ ਦੱਸੋ।
2. ਰਾਜਨੀਤਕ ਦਲਾਂ ਤੇ ਹਿਤ ਸਮੂਹਾਂ ਵਿੱਚ ਕੋਈ ਦੋ ਅੰਤਰ ਦੱਸੋ?
3. ਸੰਯੁਕਤ ਰਾਸ਼ਟਰ ਸੰਘ ਦੀ ਸਥਾਪਨਾ ਕਦੋਂ ਹੋਈ ਤੇ ਵਰਤਮਾਨ ਸਮੇਂ ਇਸ ਦੇ ਕਿੰਨੇ ਮੈਂਬਰ ਹਨ?
4. ਸੰਯੁਕਤ ਰਾਸ਼ਟਰ ਸੰਘ ਨੇ ਸਰਵ–ਵਿਆਪੀ ਮਨੁੱਖੀ ਅਧਿਕਾਰਾਂ ਦਾ ਐਲਾਨ ਕਦੋਂ ਕੀਤਾ ਤੇ ਮਨੁੱਖੀ ਅਧਿਕਾਰ ਦਿਵਸ ਹਰ ਸਾਲ ਕਦੋਂ ਮਨਾਇਆ ਜਾਂਦਾ ਹੈ?

### ਭਾਗ –II 4 X 4=16

ਨੋਟ:– ਕੋਈ ਚਾਰ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ। ਹਰ ਇੱਕ ਦਾ ਉੱਤਰ 5 ਤੋਂ 7 ਵਾਕਾਂ ਵਿੱਚ ਦਿਓ:–

5. ਰਾਜਨੀਤਕ ਦਲਾਂ ਦੇ ਕੋਈ 4 ਕਾਰਜਾਂ ਦਾ ਵਰਨਣ ਕਰੋ।
6. ਹਿਤ ਦੇ ਦਬਾਬ ਸਮੂਹਾਂ ਦੀਆਂ ਕੋਈ 4 ਵਿਸ਼ੇਸ਼ਤਾਵਾਂ ਦਾ ਵਰਨਣ ਕਰੋ।
7. ਦੋ ਦਲੀ ਪ੍ਰਣਾਲੀ ਕੀ ਹੈ? ਕੋਈ 2 ਦੇਸ਼ਾਂ ਦੇ ਨਾਂ ਦੱਸੋ ਜਿੱਥੇ ਦੋ ਦਲੀ ਪ੍ਰਣਾਲੀ ਲਾਗੂ ਹੈ।
8. ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਕੋਈ 4 ਕਾਰਨਾਂ ਦਾ ਵਰਨਣ ਕਰੋ।
9. ਰਾਸ਼ਟਰੀ ਏਕੀਕਰਨ ਦੇ ਰਾਹ ਵਿੱਚ ਆਉਣ ਵਾਲੀਆਂ ਚਾਰ ਰੁਕਾਵਟਾਂ ਦਾ ਵਰਨਣ ਕਰੋ।
10. ਪੰਚਸ਼ੀਲ ਕੀ ਹੈ? ਪੰਚਸ਼ੀਲ ਦੇ ਸਿਧਾਂਤ ਲਿਖੋ।

### ਭਾਗ–III 04

11. ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਤੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਦੇ ਆਧਾਰ ’ਤੇ ਦਿਓ।

ਦੇਸ਼ਾਂ ਵਿੱਚ ਮਿੱਤਰਤਾ ਤੇ ਸ਼ਾਂਤੀ ਦੀ ਸਥਾਪਨਾ ਲਈ ਕਈ ਖ਼ੇਤਰੀ ਤੇ ਅੰਤਰਰਾਸ਼ਟਰੀ ਸੰਗਠਨ ਬਣਾਏ ਜਾਂਦੇ ਹਨ। ਯੂ.ਐੱਨ.ਓ. (UNO) ਇਸੇ ਤਰ੍ਹਾਂ ਦਾ ਅੰਤਰਰਾਸ਼ਟਰੀ ਸੰਗਠਨ ਹੈ ਜਿਸਦੇ 6 ਅੰਗ ਹਨ। ਮਹਾਂਸਭਾ ਸਾਰੇ ਸੰਸਾਰ ਦੀ ਵਿਧਾਨਪਾਲਿਕਾ ਹੈ ਤੇ ਸਾਰੇ ਸੰਸਾਰ ਲਈ ਕਾਨੂੰਨ ਬਣਾਉਂਦੀ ਹੈ। ਸੁਰੱਖਿਆ ਪ੍ਰੀਸ਼ਦ ਸਲਾਮਤੀ ਕੌਂਸਲ ਦਾ ਕੇਸ ਯੂ.ਐੱਨ.ਓ. (UNO) ਦੇ ਮੈਂਬਰ ਦੇਸਾਂ ਦੀ ਸੁਰੱਖਿਆ ਕਰਨਾ ਹੈ। ਇਸੇ ਤਰ੍ਹਾਂ ਸਾਰਕ (SAARC) ਇੱਕ ਖ਼ੇਤਰੀ ਸੰਗਠਨ ਹੈ ਜੋ ਦੱਖਣੀ ਏਸ਼ੀਆ ਦੇ ਮੈਂਬਰ ਦੇਸ਼ਾਂ, ਜਿਹਨਾਂ ਦੀ ਗਿਣਤੀ 8 ਹੈ, ਵੱਲੋਂ ਬਣਾਇਆ ਗਿਆ ਹੈ। ਭਾਰਤ, ਪਾਕਿਸਤਾਨ, ਨੇਪਾਲ, ਭੂਟਾਨ,

ਅਫ਼ਗਾਨਿਸਤਾਨ, ਮਾਲਦੀਵ, ਸ੍ਰੀ ਲੰਕਾ ਤੇ ਬੰਗਲਾਦੇਸ਼ ਇਸਦੇ ਮੈਂਬਰ ਹਨ। ਇਸ ਸੰਗਠਨ ਦਾ ਸਥਾਈ ਸਕੱਤਰੇਤ ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਖੇ ਹੈ। ਕੋਵਿਡ-19 ਨੂੰ ਰੋਕਣ ਲਈ ਵੀ ਇਹਨਾਂ ਦੋਨਾਂ ਸੰਗਠਨਾਂ ਵੱਲੋਂ ਕਈ ਕਦਮ ਚੁੱਕੇ ਗਏ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

(i). ਕਿਹੜਾ ਅੰਤਰਰਾਸ਼ਟਰੀ ਸੰਗਠਨ ਹੈ? ਮਿਲਾਨ ਕਰੋ

(ੳ) ਯੂ.ਐੱਨ.ਓ    ਅ) ਸਾਰਕ

(ii). ਹੇਠ ਲਿਖਿਆਂ ਵਿੱਚੋਂ ਕੌਣ ਸਾਰਕ ਦਾ ਮੈਂਬਰ ਨਹੀਂ ਹੈ?

(ੳ) ਭਾਰਤ (ਅ) ਚੀਨ (ੲ) ਸ੍ਰੀ ਲੰਕਾ (ਸ) ਨੇਪਾਲ

(iii). ਯੂ.ਐੱਨ.ਓ. ਦੀ ..................ਨੂੰ ਸੰਸਾਰ ਦੀ ਵਿਧਾਨਪਾਲਿਕਾ ਕਿਹਾ ਜਾਂਦਾ ਹੈ।

(iv). ਦੇਸਾਂ ਵੱਲੋਂ ਖ਼ੇਤਰੀ ਤੇ ਅੰਤਰਰਾਸ਼ਟਰੀ ਸੰਗਠਨ ਕਿਉਂ ਬਣਾਏ ਜਾਂਦੇ ਹਨ?

## ਭਾਗ-IV    6 X 2=12

**ਅੰਦਰੂਨੀ ਵਿਕਲਪ ਵਿੱਚੋਂ 1-1 ਪ੍ਰਸ਼ਨ ਕਰੋ। ਉੱਤਰ 10-15 ਵਾਕਾਂ ਵਿੱਚ ਦਿਓ:**

12. ਵਿਰੋਧੀ ਧਿਰ (ਪਾਰਟੀ) ਦੀ ਭੂਮਿਕਾ ਅਤੇ ਮਹੱਤਤਾ ਨੂੰ ਦਰਸਾਉਂਦੇ ਹੋਏ, ਵਿਰੋਧੀ ਧਿਰ ਦੇ 6 ਕਾਰਜਾਂ ਦਾ ਵਰਨਣ ਕਰੋ।

**ਜਾਂ**

ਦਬਾਅ ਸਮੂਹ ਕੀ ਹੁੰਦੇ ਹਨ? ਦਬਾਅ ਸਮੂਹਾਂ ਦੀ ਕਾਰਜ ਵਿਧੀ ਦੇ 4 ਢੰਗਾਂ ਦਾ ਵਰਨਣ ਕਰੋ।

13. ਵਿਸ਼ਵੀਕਰਣ ਤੋਂ ਕੀ ਭਾਵ ਹੈ? ਵਿਸ਼ਵੀਕਰਣ ਦੇ 4 ਗੁਣਾਂ/ਲਾਭਾਂ ਦਾ ਵਰਨਣ ਕਰੋ।

**ਜਾਂ**

ਭਾਰਤੀ ਵਿਦੇਸ਼ ਨੀਤੀ ਦੀਆਂ ਕੋਈ 6 ਵਿਸ਼ੇਸ਼ਤਾਈਆਂ ਦਾ ਵਰਨਣ ਕਰੋ।